**16ਵੀਂ ਵਿਧਾਨ ਸਭਾ**

**ਛੇਵਾਂ (ਬਜਟ)ਸਮਾਗਮ**

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 5**

**ਵੀਰਵਾਰ, 07 ਮਾਰਚ, 2024**

(10.00 ਵਜੇ ਸਵੇਰ ਤੋਂ 02.30 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

(ੳ) **ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 12 | 1 | - | 7 | 12 |

(ਅ) **ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 15**

2. **ਧਿਆਨ ਦਿਵਾਊ ਨੋਟਿਸ**

1) ਸਰਦਾਰ ਮਨਪ੍ਰੀਤ ਸਿੰਘ ਇਆਲੀ, ਐਮ.ਐਲ.ਏ, ਵੱਲੋਂ ਮਾਲ ਮੰਤਰੀ ਦਾ ਧਿਆਨ ਰਾਜ ਵਿੱਚ ਹਾਲ ਹੀ ਵਿੱਚ ਹੋਈ ਗੜ੍ਹੇਮਾਰੀ ਅਤੇ ਤੇਜ਼ ਹਵਾਵਾਂ ਕਾਰਨ ਕਣਕ ਤੇ ਆਲੂ ਦੀਆਂ ਫਸਲਾਂ ਨੂੰ ਹੋਏ ਨੁਕਸਾਨ ਵੱਲ ਦਿਵਾਇਆ ਗਿਆ। (ਨੰ. 25 ਅਤੇ 26)

ਮਾਲ ਤੇ ਮੁੜ ਵਸੇਬਾ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

3. **ਮਤਾ**

1. ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ (ਸ਼੍ਰੋਮਣੀ ਅਕਾਲੀ ਦਲ) ਨੇ ਹੇਠ ਲਿਖਿਆ ਮਤਾ ਸਦਨ ਵਿੱਚ ਪੇਸ਼ ਕੀਤਾ ਅਤੇ ਮਤਾ ਪੇਸ਼ ਕਰਦੇ ਹੋਏ 11 ਮਿੰਟ ਲਈ ਬੋਲੇ।

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸੂਬੇ ਦੇ ਗੰਧਲੇ ਹੋ ਰਹੇ ਵਾਤਾਵਰਣ ਕਾਰਨ ਮਨੁੱਖਤਾ ਅਤੇ ਪਸ਼ੂਆਂ-ਪੰਛੀਆਂ ਤੇ ਪੈਣ ਵਾਲੇ ਖਤਰਨਾਕ ਪ੍ਰਭਾਵਾਂ ਤੋਂ ਬਚਾਉਣ ਲਈ ਰਾਜ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਪਹਿਲਾਂ ਤੋਂ ਲੱਗੇ ਹੋਏ ਦਰੱਖਤਾਂ ਦੀ ਨਜ਼ਾਇਜ਼ ਕਟਾਈ ਨੂੰ ਰੋਕਣ ਲਈ ਇੱਕ ਢੁੱਕਵਾਂ ਕਾਨੂੰਨ ਬਣਾਉਣ ਲਈ ਅਸਰਦਾਰ ਕਦਮ ਚੁੱਕੇ ਜਾਣ।"

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਮਤੇ ਤੇ ਹੋਈ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਸਮੇਂ ਲਈ ਬੋਲੇ:

| | |
|---|---|
| 1. ਸ਼੍ਰੀ ਬੁੱਧ ਰਾਮ (ਆਮ ਆਦਮੀ ਪਾਰਟੀ) | 19 ਮਿੰਟ |
| 2. ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ | 13 ਮਿੰਟ |
| 3. ਸ਼੍ਰੀ ਅਮਨ ਅਰੋੜਾ, ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 07 ਮਿੰਟ |
| 4. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਇੰਡੀਅਨ ਨੈਸ਼ਨਲ ਕਾਂਗਰਸ) | 09 ਮਿੰਟ |
| 5. ਡਾ.ਜਸਬੀਰ ਸਿੰਘ ਸੰਧੂ (ਆਮ ਆਦਮੀ ਪਾਰਟੀ) | 05 ਮਿੰਟ |
| 6. ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਆਮ ਆਦਮੀ ਪਾਰਟੀ) | 09 ਮਿੰਟ |
| 7. ਸਰਦਾਰ ਗੁਰਦਿੱਤ ਸਿੰਘ ਸੇਖੋਂ (ਆਮ ਆਦਮੀ ਪਾਰਟੀ) | 05 ਮਿੰਟ |
| 8. ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਆਮ ਆਦਮੀ ਪਾਰਟੀ) | 04 ਮਿੰਟ |
| 9. ਸ਼੍ਰੀਮਤੀ ਨਰਿੰਦਰ ਕੌਰ ਭਰਾਜ (ਆਮ ਆਦਮੀ ਪਾਰਟੀ) | 02 ਮਿੰਟ |
| 10. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਆਮ ਆਦਮੀ ਪਾਰਟੀ) | 02 ਮਿੰਟ |
| 11.ਡਾ. ਚਰਨਜੀਤ ਸਿੰਘ (ਆਮ ਆਦਮੀ ਪਾਰਟੀ) | 02 ਮਿੰਟ |
| 12. ਸ਼੍ਰੀ ਦਿਨੇਸ਼ ਕੁਮਾਰ ਚੱਢਾ (ਆਮ ਆਦਮੀ ਪਾਰਟੀ) | 02 ਮਿੰਟ |
| 13. ਸਰਦਾਰ ਕੁਲਜੀਤ ਸਿੰਘ ਰੰਧਾਵਾ (ਆਮ ਆਦਮੀ ਪਾਰਟੀ) | 02 ਮਿੰਟ |
| 14. ਸਰਦਾਰ ਜਗਰੂਪ ਸਿੰਘ ਗਿੱਲ (ਆਮ ਆਦਮੀ ਪਾਰਟੀ) | 02 ਮਿੰਟ |
| 15. ਸਰਦਾਰ ਕੁਲਵੰਤ ਸਿੰਘ ਪੰਡੋਰੀ (ਆਮ ਆਦਮੀ ਪਾਰਟੀ) | 02 ਮਿੰਟ |

ਮਤੇ ਤੇ ਸਿਰਫ ਬਹਿਸ ਹੋਈ ਕਿਉਂਕਿ ਮਤੇ ਤੇ ਹੋਈ ਬਹਿਸ ਦਾ ਜਵਾਬ ਜਦੋਂ ਸ਼੍ਰੀ ਲਾਲ ਚੰਦ, ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਦੇ ਰਹੇ ਸਨ ਤਾਂ ਸਦਨ ਸਥੱਗਿਤ ਹੋ ਗਿਆ।

**4. <u>ਸਦਨ ਦੀ 11 ਮਾਰਚ, 2024 ਨੂੰ ਹੋਣ ਵਾਲੀ ਬੈਠਕ ਦੇ ਸਮੇਂ ਵਿੱਚ ਤਬਦੀਲੀ</u>**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਮਿਤੀ 11 ਮਾਰਚ 2024 ਨੂੰ ਸਦਨ ਦੀ ਬੈਠਕ ਦੇ ਸ਼ੁਰੂ ਹੋਣ ਦਾ ਸਮਾਂ 11.00 ਵਜੇ ਤੋਂ ਬਦਲ ਕੇ 2.00 ਵਜੇ ਕੀਤਾ ਗਿਆ।

ਮਾਣਯੋਗ ਡਿਪਟੀ ਸਪੀਕਰ ਨੇ 01.05 ਵਜੇ ਤੋਂ 02.21 ਵਜੇ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ, ਸਦਨ ਸੋਮਵਾਰ ਮਿਤੀ 11 ਮਾਰਚ, 2024 ਦੇ 02.00 ਵਜੇ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ**
**07 ਮਾਰਚ, 2024**

**ਰਾਮ ਲੋਕ ਖਟਾਣਾ,**
**ਸਕੱਤਰ।**